**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ ਐਸ.ਸੀ.ਓ. 104-106, ਸੈਕਟਰ 34-ਏ, ਚੰਡੀਗੜ੍ਹ**

ਵੱਲ:

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ)
ਪੰਜਾਬ।

ਮੀਮੋ ਨੰ. ਏ.ਐਸ.ਪੀ.ਡੀ. (ਮੀਡੀਆ)/ਐਸ.ਐਸ.ਏ./2010/65489-65508
ਮਿਤੀ ਚੰਡੀਗੜ੍ਹ 19.10.10

**ਵਿਸ਼ਾ:** **ਊਰਜਾ ਅਤੇ ਪਾਣੀ ਬਚਾਓ ਸਬੰਧੀ ਜਾਗਰੂਕਤਾ ਵਧਾਉਣ ਬਾਰੇ ਚੌਥੀ ਅਤੇ ਪੰਜਵੀਂ ਜਮਾਤ ਦੇ ਬੱਚਿਆਂ ਦੇ ਪੇਂਟਿੰਗ ਮੁਕਾਬਲੇ ਕਰਵਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਦੀ ਜਾਣਕਾਰੀ ਹਿਤ ਦੱਸਿਆ ਜਾਂਦਾ ਹੈ ਕਿ ਭਾਰਤ ਸਰਕਾਰ ਦੇ ਬਿਜਲੀ ਅਤੇ ਪਾਣੀ ਸਰੋਤ ਮੰਤਰਾਲੇ ਵੱਲੋਂ ਬਿਜਲੀ ਅਤੇ ਪਾਣੀ ਬਚਾਉਣ ਸਬੰਧੀ ਜਾਗਰੂਕਤਾ ਫੈਲਾਉਣ ਲਈ ਹਰ ਸਾਲ ਬੱਚਿਆਂ ਦੇ ਪੇਟਿੰਗ ਮੁਕਾਬਲੇ ਕਰਵਾਏ ਜਾਂਦੇ ਹਨ। ਇਸ ਸਾਲ ਵੀ ਇਹ ਮੁਕਾਬਲੇ ਸਕੂਲ, ਰਾਜ ਅਤੇ ਰਾਸ਼ਟਰੀ ਪੱਧਰ ਤੇ ਹੋਣੇ ਹਨ।

3.0 ਰਾਜ ਅਤੇ ਰਾਸ਼ਟਰੀ ਪੱਧਰ ਤੇ ਇਹ ਮੁਕਾਬਲੇ ਹੇਠ ਲਿਖੇ ਅਨੁਸਾਰ ਕਰਵਾਏ ਜਾਣੇ ਹਨ:

| **ਲੜੀ ਨੰ** | **ਮੰਤਰਾਲਾ** | **ਰਾਜ ਪੱਧਰ ਦੇ ਮੁਕਾਬਲੇ** | **ਰਾਸ਼ਟਰੀ ਪੱਧਰ ਦੇ ਮੁਕਾਬਲੇ** |
|---|---|---|---|
| 1 | ਬਿਜਲੀ ਮੰਤਰਾਲਾ | 14.11.10 | 12.12.10 |
| 2 | ਪਾਣੀ ਸਰੋਤ ਮੰਤਰਾਲਾ | 14.11.10 | 21.01.11 |

4.0 ਊਰਜਾ ਬਚਾਓ ਦੇ ਸਬੰਧ ਵਿੱਚ ਇਹ ਪੇਟਿੰਗ ਮੁਕਾਬਲੇ ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਤੇ ਕਰਵਾਏ ਜਾਣੇ ਹਨ:-

i) More stars, more savings

ii) Today's energy wastage is tomorrow's energy shortage.

iii) Energy saved is future saved.

5.0 ਪਾਣੀ ਸਰੋਤ ਬਚਾਓ ਦੇ ਸਬੰਧ ਵਿੱਚ ਇਹ ਮੁਕਾਬਲੇ ਸਕੂਲ ਅਧਿਆਪਕਾਂ ਦੁਆਰਾ ਉਪਰੋਕਤ ਵਿਸ਼ਿਆਂ ਦੀ ਤਰਜ ਤੇ ਹੀ ਕਰਵਾਏ ਜਾਣ।

6.0 ਇਹ ਮੁਕਾਬਲੇ ਸਿਰਫ਼ ਚੌਥੀ ਅਤੇ ਪੰਜਵੀਂ ਦੇ ਬੱਚਿਆਂ ਲਈ ਹੋਣਗੇ।ਬੱਚਿਆਂ ਨੂੰ ਇਹ ਖੁੱਲ੍ਹ ਦਿੱਤੀ ਜਾਵੇਗੀ ਕਿ ਉਪਰੋਕਤ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਤੇ ਆਪਣੀਆਂ ਪੇਂਟਿੰਗ ਬਣਾਉਣ।

7.0 ਇਹ ਮੁਕਾਬਲੇ ਜਲਦ ਤੋਂ ਜਲਦ ਹਰੇਕ ਸਕੂਲ ਵਿੱਚ ਕਰਵਾਏ ਜਾਣ ਅਤੇ ਸਕੂਲ ਮੁਖੀ ਨੂੰ ਇਹ ਹਦਾਇਤ ਕੀਤੀ ਜਾਵੇ ਕਿ ਉਹ ਦੋ ਵਧੀਆ ਪੇਟਿੰਗਜ਼ ਚੁਣ ਕੇ ਉਹਨਾਂ ਨੂੰ ਹੇਠ ਲਿਖੇ ਪਤੇ ਤੇ ਭੇਜੇ:-

Er. G.S. Wason,
Director/Consultancy,
Bhakra Beas Management Board,
Plot No. 6 B, Sector 19 B, Madhya Marg,
Chandigarh-160019
Telephone (O) 0172-5011763, Mob. 98147-06908

8.0 ਪੇਂਟਿੰਗ ਮੁਕਾਬਲਿਆਂ ਦੇ ਪੇਂਟਿੰਗਜ਼ ਦੀ ਚੋਣ ਕਰਕੇ ਦਰਸਾਏ ਗਏ ਪਤੇ ਦੇ ਨਾਲ ਲਿਫ਼ਾਫੇ ਦੇ ਬਾਹਰ 'ਬਿਜਲੀ ਮੰਤਰਾਲਾ', 'ਪਾਣੀ ਸਰੋਤ ਮੰਤਰਾਲਾ' ਲਿਖ ਕੇ ਵੱਖਰੇ-ਵੱਖਰੇ ਤੌਰ ਤੇ ਭੇਜੀ ਜਾਵੇ।

9.0 ਇਹਨਾਂ ਮੁਕਾਬਲਿਆਂ ਨੂੰ ਕਰਵਾਉਣ ਸਬੰਧੀ ਹਦਾਇਤਾਂ ਇਸ ਪੱਤਰ ਨਾਲ ਨੱਥੀ ਕਰਕੇ ਭੇਜੀਆਂ ਜਾਂਦੀਆਂ ਹਨ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

**ਪਿਠਅੰਕਣ ਨੰ:** ਉਕਤ/65509 **ਮਿਤੀ** 19.10.10

ਉਤਾਰਾ: 1) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਪੰਜਾਬ।(ਵੈਬਸਾਈਟ ਰਾਹੀਂ)

2) ਸਮੂਹ ਸਕੂਲ ਮੁਖੀ, ਪੰਜਾਬ। (ਵੈਬਸਾਈਟ ਰਾਹੀਂ)

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਨੱਥੀ: ਉਪਰੋਕਤ ਅਨੁਸਾਰ